# ਧਾਰਮਿਕ ਸਥਾਨਾਂ ਲਈ ਸੁਝਾਅ

## ਸੰਖੇਪ ਜਾਣਕਾਰੀ

ਇਹ ਬਹੁਤ ਮਹੱਤਵਪੂਰਨ ਹੈ ਕਿ ਧਾਰਮਿਕ ਸਥਾਨ ਆਪਣੇ ਇਕੱਠਾਂ ਵਿਚ ਬਿਮਾਰੀ ਫੈਲਣ ਦੀ ਸੰਭਾਵਨਾ ਨੂੰ ਸਮਝਣ ਅਤੇ ਇਸਦੇ ਫੈਲਣ ਦੇ ਜੋਖਮ ਨੂੰ ਘਟਾਉਣ ਅਤੇ ਕੁਝ ਉੱਚ ਜੋਖਮ ਵਾਲੀ ਆਬਾਦੀ ਤੇ COVID-19 ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਕਦਮ ਚੁੱਕਣ। ਧਾਰਮਿਕ ਸਥਾਨਾਂ ਨੂੰ ਕਾਰੋਬਾਰ ਮਾਲਕਾਂ ਲਈ ਕੰਮ ਸਥਾਨ ਸਬੰਧੀ ਨਿਰਦੇਸ਼ Workplace Guidance for Business Owners ਦੀ ਵੀ ਪਾਲਣ ਕਰਨਾ ਚਾਹੀਦੀ ਹੈ। ਧਾਰਮਿਕ ਆਗੂਆਂ ਨੂੰ ਦੂਰੋ ਸੇਵਾਵਾਂ ਨੂੰ ਜਾਰੀ ਰੱਖਣ ਅਤੇ ਹੋਰ ਨਵੇਂ ਤਰੀਕਿਆਂ ਜਿਵੇਂ ਡਰਾਈਵ-ਇਨ ਸੇਵਾਵਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਰੇ ਪੂਜਾ ਸਥਾਨਾਂ ਨੂੰ ਹੇਠਾਂ ਦਿੱਤੇ ਜਨਤਕ ਸਿਹਤ ਨਿਰਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ ਅਤੇ ਹਰੇਕ ਨੂੰ ਖਾਸ ਕਰਕੇ ਸਭ ਤੋਂ ਕਮਜ਼ੋਰ ਵਿਅਕਤੀਆਂ ਨੂੰ ਸੁਰੱਖਿਅਤ ਰੱਖਣ ਦੇ ਮੱਦੇ ਨਜ਼ਰ ਆਪਣੇ ਪ੍ਰੋਗਰਾਮਾਂ ਅਤੇ ਧਾਰਮਿਕ ਸੇਵਾਵਾਂ ਨੂੰ ਘੋਖਣਾ ਚਾਹੀਦਾ ਹੈ।

## ਕੋਵਿਡ-19 ਖਤਰਾ ਨਿਯੰਤਰਣ

| | |
|---|---|
| **ਇਕੱਠ ਦੀ ਸੁਰੱਖਿਆ ਸਬੰਧੀ ਸਮੱਰਥਨ** | • ਸਟਾਫ, ਵਿਜਿਟਰ ਅਤੇ ਇਕੱਠ ਨੂੰ ਹਾਜ਼ਰੀ ਤੋਂ ਪਹਿਲਾਂ ਸਵੈ-ਸਕ੍ਰੀਨਿੰਗ ਟੂਲ(self-screening tool) ਦੀ ਵਰਤੋਂ ਕਰਨੀ ਚਾਹੀਦੀ ਹੈ।<br>• **50 ਲੋਕਾਂ ਜਾਂ ਆਮ ਧਾਰਮਿਕ ਸੇਵਾ ਨਾਲੋਂ ਇਕ ਤਿਹਾਈ ਹਾਜ਼ਰੀ ਰੱਖਣ (ਜਿਹੜੀ ਘੱਟ ਹੋਵੇ)** ਅਤੇ ਜਿਹੜਾ ਸਰੀਰਕ ਦੂਰੀ ਨੂੰ ਯਕੀਨੀ ਬਣਾਵੇ ਦਾ ਧਿਆਨ ਰੱਖਦੇ ਹੋਏ ਵਧੇਰੇ ਸੇਵਾਵਾਂ ਅਤੇ ਹਾਜ਼ਰੀ ਦੇ ਮੌਕੇ ਦੇਣੇ ਚਾਹੀਦੇ ਹਨ।<br>• ਸਟਾਫ, ਵਿਜਿਟਰ ਅਤੇ ਇਕੱਠ ਨੂੰ ਕੋਵਿਡ -19 ਦੇ ਫੈਲਣ ਨੂੰ ਰੋਕਣ ਲਈ ਸੰਚਾਲਨ ਦੀਆਂ ਜ਼ਰੂਰਤਾਂ ਅਤੇ ਮਹੱਤਵ ਦੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।<br>• COVID-19 ਦੇ ਸਰੀਰਕ ਦੂਰੀ ਦੇ ਨਿਯਮ ਨੂੰ ਦਰਸਾਉਣ ਵਾਲੇ ਸੰਕੇਤ signs ਲਗਾਉਣੇ ਚਾਹੀਦੇ ਹਨ।<br>• ਇੱਕੋ ਪਰਿਵਾਰ ਤੋਂ ਬਾਹਰ ਲੋਕਾਂ ਵਿੱਚ ਸਰੀਰਕ ਦੂਰੀ ਹਰ ਸਮੇ ਲਾਜ਼ਮੀ ਬਣਾਈ ਰੱਖਣੀ ਚਾਹੀਦੀ ਹੈ।<br>• ਸਟਾਫ, ਵਿਜਿਟਰ ਅਤੇ ਇਕੱਠ ਨੂੰ ਨਾਨ-ਮੈਡੀਕਲ ਮਾਸਕ ਪਹਿਨਣੇ ਚਾਹੀਦੇ ਹਨ ਪਰੰਤੂ ਸਰੀਰਕ ਦੂਰੀ ਬਣਾਈ ਰੱਖਣ ਤੇ ਇੰਨਾਂ ਦੀ ਲੋੜ ਨਹੀਂ ਹੈ।<br>• ਨਵਜਾਤਾਂ ਅਤੇ ਬੱਚਿਆਂ ਨੂੰ ਹਰ ਸਮੇਂ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਦੇ ਕੋਲ ਰਹਿਣਾ ਚਾਹੀਦਾ ਹੈ। ਨਰਸਰੀ/ਬੱਚਿਆਂ ਦੇ ਪ੍ਰੋਗਰਾਮਾਂ ਦੀ ਆਗਿਆ ਨਹੀਂ ਹੈ।<br>• ਵਾਹਨ ਜਾਂ ਘਰਾਂ ਨੂੰ ਪਰਤਣ ਵੇਲੇ ਇੱਕੋ ਪਰਿਵਾਰ ਤੋਂ ਵੱਖਰੇ ਵਿਅਕਤੀਆਂ ਨੂੰ ਸਰੀਰਕ ਦੂਰੀ ਬਣਾਈ ਰੱਖਣ ਲਈ ਯਾਦ ਦਿਵਾਉਣਾ ਚਾਹੀਦਾ ਹੈ।<br>• ਨਜ਼ਦੀਕੀ ਪਰਿਵਾਰ ਨਾਲ ਰਹਿਣਾ ਚਾਹੀਦਾ ਹੈ ਜਿੱਥੇ ਦੋ ਸਹਿਯੋਗੀ ਪਰਿਵਾਰ ਢੁਕਵੀਂ ਵਿੱਥ ਤੇ ਅਤੇ ਹੋਰ ਨਜ਼ਦੀਕੀ ਪਰਿਵਾਰਾਂ ਤੋਂ ਦੂਰੀ ਤੇ ਬੈਠ ਸਕਦੇ ਹਨ। |
| **ਸਟਾਫ ਅਤੇ ਧਾਰਮਿਕ ਆਗੂਆਂ ਨੂੰ ਸਮੱਰਥਨ** | • ਧਾਰਮਿਕ ਆਗੂਆਂ ਨੂੰ ਕੋਵਿਡ-19 ਰੋਕਥਾਮ ਦੀਆਂ ਗਤੀਵਿਧੀਆਂ, ਪ੍ਰਕਿਰਿਆਵਾਂ ਅਤੇ ਜਾਗਰੂਕਤਾ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ।<br>• ਸਟਾਫ ਅਤੇ ਵਲੰਟੀਅਰਾਂ ਨੂੰ ਉਚਿਤ ਸਰੀਰਕ ਦੂਰੀਆਂ, ਪ੍ਰਕਿਰਿਆਵਾਂ ਅਤੇ ਸਫਾਈ ਅਭਿਆਸਾਂ ਬਾਰੇ ਜਾਣਕਾਰੀ ਅਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।<br>• ਸਟਾਫ ਨੂੰ ਇਕੱਠਾਂ ਵਿੱਚ 2 ਮੀਟਰ ਦੂਰੀ ਨੂੰ ਕਾਇਮ ਰੱਖਣ ਵਿੱਚ ਅਸਮਰੱਥ ਹੋਮ ਤੇ ਪੀਪੀਈ ਪਾਉਣਾ ਚਾਹੀਦਾ ਹੈ। |
| **ਸਹੂਲਤਾਂ** | • ਸਹੂਲਤਾਂ ਵਿੱਚ ਦਾਖਲੇ ਅਤੇ ਇਕੱਠੇ ਹੋਣ ਤੇ ਕਾਬੂ ਰੱਖਣਾ।<br>• ਸਮੂਹ ਨੂੰ ਕਤਾਰ ਵਿੱਚ ਹੋਣ ਤੇ ਸਰੀਰਕ ਦੂਰੀ ਦੀ ਮਹੱਤਤਾ ਬਾਰੇ ਯਾਦ ਦਿਵਾਉਣਾ ਚਾਹੀਦਾ ਹੈ। ਭੀੜ ਨੂੰ ਰੋਕਣ ਲਈ ਇਸ ਨੂੰ ਸਾਫ ਤੌਰ ਤੇ ਉਲੀਕਿਆ(ਮਾਰਕ) ਕੀਤਾ ਜਾਣਾ ਚਾਹੀਦਾ ਹੈ।<br>• ਸੰਸਥਾਵਾਂ ਨੂੰ ਇਕੋ ਦਾਖਲਾ ਅਤੇ ਬਾਹਰ ਜਾਣ ਦਾ ਸਥਾਨ ਵੱਖਰਾ ਰੱਖਣਾ ਚਾਹੀਦਾ ਹੈ।<br>• ਘੱਟੋ ਘੱਟ 60% ਅਲਕੋਹਲ ਵਾਲੇ ਹੈਂਡ ਸੈਨੀਟਾਈਜ਼ਰ ਲਾਜ਼ਮੀ ਤੌਰ ਤੇ ਸਹੂਲਤ ਦੇ ਪ੍ਰਵੇਸ਼ ਦੁਆਰ ਅਤੇ ਨਿਕਾਸ ਅਤੇ ਹਰ ਸਮੇ ਸਥਾਨ ਤੇ ਉਪਲਬਧ ਹੋਣੇ ਚਾਹੀਦੇ ਹਨ।<br>• ਇਕੱਠ ਨੂੰ ਦਾਖਲ ਹੋਣ ਅਤੇ ਬਾਹਰ ਜਾਣ ਤੇ ਆਪਣੇ ਹੱਥ ਸਾਫ਼ ਕਰਨ ਲਈ ਯਾਦ ਦਿਵਾਉਣਾ ਚਾਹੀਦਾ ਹੈ।<br>• ਉੱਚ ਟ੍ਰੈਫਿਕ ਖੇਤਰਾਂ, ਆਮ ਖੇਤਰਾਂ, ਜਨਤਕ ਵਾਸ਼ਰੂਮਾਂ ਦੀ ਸਫਾਈ ਅਤੇ ਰੋਗਾਣੂ ਮੁਕਤ ਰਹਿਣ ਦੀ ਸੰਭਾਵਨਾ ਵਧਾਉਣ ਲਈ ਪ੍ਰਕਿਰਿਆਵਾਂ ਦਾ ਵਿਕਾਸ ਅਤੇ ਲਾਗੂ ਕਰਨਾ।<br>• ਵਧੇਰੇ ਛੂਹਣ ਵਾਲੇ ਅਤੇ ਸਾਂਝੀਆਂ ਸਤਹਾਂ ਜਿਵੇਂ ਕਿ: ਦਰਵਾਜਿਆਂ ਦੇ ਹੈਂਡਲ, ਲਾਈਟ ਸਵਿੱਚ, ਟਾਇਲਟ ਹੈਂਡਲ, ਟੂਟੀਆਂ ਦੇ ਹੈਂਡਲ, ਲਿਫਟ ਬਟਨ, ਰੇਲਿੰਗ ਨੂੰ ਸਾਫ ਅਤੇ ਰੋਗਾਣੂ-ਮੁਕਤ ਕਰਦੇ ਰਹਿਣਾ।<br>• ਸੇਵਾਵਾਂ ਦੇ ਵਿਚਕਾਰ ਸਹੂਲਤਾਂ ਨੂੰ ਘੱਟੋ ਘੱਟ ਇਕ ਵਾਰ ਸਾਫ਼ ਕਰਨਾ ਚਾਹੀਦਾ ਹੈ।<br>• ਸਮਾਜਕ ਦੂਰੀ ਨੂੰ ਯਕੀਨੀ ਬਣਾਉਣ ਲਈ(ਜਿੱਥੇ ਬੈਂਚ ਹਨ) ਬੈਠਣ ਦਾ ਪ੍ਰਬੰਧ ਜਾਂ ਨਿਸ਼ਾਨ ਲਗਾਉਣਾ ਚਾਹੀਦਾ ਹੈ।<br>• ਇਕੱਠ ਦੀਆਂ ਪਾਬੰਦੀਆਂ ਦਾ ਪਾਲਣ ਨਾਂ ਕਰਨ ਵਾਲੀਆਂ ਸਹੂਲਤਾਂ ਦੇ ਕਿਰਾਇਆ ਪ੍ਰੋਗਰਾਮ ਰੱਦ ਹੋ ਸਕਦੇ ਹਨ। |



©2020 ਅਲਬਰਟਾ ਸਰਕਾਰ | ਛੱਪਿਆ: ਮਈ 2020

# ਧਾਰਮਿਕ ਸਥਾਨਾਂ ਲਈ ਸੁਝਾਅ

| | |
|---|---|
| **ਸੱਭਿਆਚਾਰਕ ਅਤੇ ਧਾਰਮਿਕ ਅਭਿਆਸ** | • ਸੇਵਾਵਾਂ ਵਿਚ ਪਕਾਇਆ ਭੋਜਨ, ਖੁੱਲਾ ਭੋਜਨ ਜਾਂ ਪੀਣ ਵਾਲੇ ਪਦਾਰਥ ਸ਼ਾਮਲ ਨਹੀਂ ਕੀਤੇ ਜਾਣੇ ਚਾਹੀਦੇ।<br>• ਸੇਵਾਵਾਂ ਵਿਚ ਖਾਣਾ ਜਾਂ ਪੀਣ ਵਾਲੀਆਂ ਚੀਜ਼ਾਂ ਨੂੰ ਸਾਂਝਾ ਕਰਨਾ ਸ਼ਾਮਲ ਨਹੀਂ ਹੋਣਾ ਚਾਹੀਦਾ।<br>• ਸੇਵਾਵਾਂ ਵਿਚ ਇਕੱਠ ਨਾਲ ਕੋਈ ਸੰਪਰਕ ਸ਼ਾਮਲ ਨਹੀਂ ਕਰਨਾ ਚਾਹੀਦਾ ਜਿਵੇਂ ਹੱਥ ਮਿਲਾਉਣਾ ਜਾਂ ਫਿਰਕੂ ਚੀਜ਼ਾਂ ਦੀ ਵੰਡ (ਉਦਾਹਰਣ ਲਈ ਇਕੱਠੇ ਖਾਣਾ ਆਦਿ))<br>• ਸੇਵਾਵਾਂ ਤੋਂ ਬਾਹਰ ਸਮਾਜਿਕ ਗਤੀਵਿਧੀਆਂ (ਉਦਾ.ਕਮਿਊਅਲ ਡਿਨਰ, ਲੰਚ) ਦੀ ਆਗਿਆ ਨਹੀਂ ਹੈ। |
| **ਗਾਇਨ** | • ਸਮੂਹਿਕ ਗਾਇਨ ਇਕ ਉੱਚ ਜੋਖਮ ਵਾਲੀ ਗਤੀਵਿਧੀ ਹੈ ਅਤੇ ਇਸਦੀ ਆਗਿਆ ਨਹੀਂ ਹੈ। ਸੰਕਰਮਿਤ ਲੋਕ ਗਾਉਣ ਸਮੇਂ ਆਪਣੇ ਲਾਰ ਜਾਂ ਸਾਹ ਦੀਆਂ ਬੂੰਦਾਂ ਰਾਹੀਂ ਵਾਇਰਸ ਫੈਲਾਅ ਸਕਦੇ ਹਨ। ਵਿਕਲਪ ਦੇ ਤੌਰ ਤੇ ਇਕੱਲੇ ਸੰਗੀਤ(ਵਾਦਨ) ਪਿਆਨੋ / ਗਿਟਾਰ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।<br>• ਹਾਲਾਂਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਗਾਇਨ ਸਮੇ ਕਿੰਨੀ ਸੁਰੱਖਿਅਤ ਦੂਰੀ ਸੰਪਰਕ ਨੂੰ ਰੋਕੇਗੀ ਜੇ ਇਕ ਜਾਂ ਦੋ ਲੋਕ ਲਾਈਵ ਸਟ੍ਰੀਮਡ ਜਾਂ ਰਿਕਾਰਡ ਕੀਤੀ ਸੇਵਾ ਦੇ ਹਿੱਸੇ ਵਜੋਂ ਗਾ ਰਹੇ ਹਨ ਤਾਂ ਗਾਇਕਾਂ ਦਾ ਇੱਕ ਦੂਜੇ ਤੋਂ ਦੂਰ ਜਾਂ ਉਨਾਂ ਵਿੱਚ ਰੁਕਾਵਟਾਂ (ਜਿਵੇਂ ਪਲੇਕਸਗਲਾਸ) ਖਤਰੇ ਨੂੰ ਰੋਕਣ ਵਾਲੇ ਕਾਰਕ ਹੋ ਸਕਦੇ ਹਨ ਜੋ ਗਾਇਕਾਂ ਨੂੰ ਇੱਕ ਦੂਜੇ ਤੋਂ ਅਤੇ ਹੋਰਾਂ ਤੋਂ ਵੱਖ ਕਰਦੇ ਹਨ ਅਤੇ ਇਹ ਵੀ ਸੁਨਿਸ਼ਚਿਤ ਕਰਨ ਕਿ ਕੋਈ ਵੀ ਵਿਅਕਤੀ ਗੰਭੀਰ ਮੈਡੀਕਲ ਹਾਲਤਾਂ ਵਾਲੇ ਜਾਂ 65 ਸਾਲ ਤੋਂ ਵੱਧ ਉਮਰ ਦੇ ਮੌਜੂਦ ਨਹੀਂ ਹੈ।<br>• ਯਾਦ ਰੱਖੋ ਕਿ ਜੇ ਗਾਇਕ ਇੱਕੋ ਘਰ ਦੇ ਮੈਂਬਰ ਹਨ ਤਾਂ ਉਨ੍ਹਾਂ ਵਿਚਕਾਰ ਜੋਖਮ ਘਟਾਉਣਾ ਬੇਲੋੜਾ ਹੋਵੇਗਾ। |
| **ਡਰਾਈਵ-ਇੰਨ ਸੇਵਾਵਾਂ** | • ਡ੍ਰਾਇਵ-ਇਨ ਸੇਵਾਵਾਂ ਨਿਰਧਾਰਤ ਪਾਰਕਿੰਗ ਸਥਾਨਾਂ ਜਾਂ ਸਟੇਜਿੰਗ ਖੇਤਰਾਂ ਵਿੱਚ ਹੋ ਸਕਦੀਆਂ ਹਨ ਅਤੇ ਹੇਠ ਲਿਖੀਆਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:<br>  ○ ਈਵੈਂਟ ਪ੍ਰਬੰਧਕਾਂ ਕੋਲ ਲਾਜ਼ਮੀ ਤੌਰ ਤੇ ਉਪਾਅ ਹੋਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਸੇਵਾਵਾਂ ਤੇ ਆਪਣੇ ਵਾਹਨ ਛੱਡਣ ਤੋਂ ਰੋਕਿਆ ਜਾ ਸਕੇ।<br>  ○ ਵਾਹਨਾਂ ਨੂੰ ਘੱਟੋ ਘੱਟ ਦੋ ਮੀਟਰ ਨਾਲ ਵੱਖ ਕਰਨਾ ਚਾਹੀਦਾ ਹੈ।<br>  ○ ਜਿੱਥੇ ਵਾਸ਼ਰੂਮ ਸਹੂਲਤ ਦਿੱਤੀ ਗਈ ਹੈ ਉਸਦਾ ਬਾਰ ਬਾਰ ਸਫਾਈ ਅਤੇ ਰੋਗਾਣੂ-ਮੁਕਤ ਹੋਣਾ ਲਾਜ਼ਮੀ ਹੈ।<br>  ○ ਵਾਸ਼ਰੂਮ ਲਈ ਵਾਹਨ ਛੱਡ ਕੇ ਗਏ ਵਿਅਕਤੀਆਂ ਨੂੰ ਹਰ ਸਮੇ ਦੂਜਿਆਂ ਤੋਂ ਘੱਟੋ ਘੱਟ ਦੋ ਮੀਟਰ ਦੀ ਦੂਰੀ ਨੂੰ ਕਾਇਮ ਰੱਖਣਾ ਚਾਹੀਦਾ ਹੈ। |
| **ਜਨਤਕ ਸਿਹਤ ਲਈ ਸਮੱਰਥਨ** | • ਸੰਪਰਕ ਟਰੇਸਿੰਗ ਅਤੇ ਫਾਲੋ-ਅਪ ਦੁਆਰਾ ਕੇਸਾਂ ਦੇ ਪ੍ਰਬੰਧਨ ਨੂੰ ਸੰਭਵ ਕਰਨ ਲਈ ਸਮੂਹ ਵਿੱਚ ਹਾਜ਼ਰ ਸਭ ਦੀ ਸੂਚੀ ਬਣਾਓ।<br>• ਸਾਰੇ ਸਟਾਫ ਅਤੇ ਵਲੰਟੀਅਰਾਂ ਦੀ ਨਾਮ, ਪਤੇ ਅਤੇ ਫੋਨ ਨੰਬਰ ਸਮੇਤ ਤਾਜ਼ਾ ਸੰਪਰਕ ਸੂਚੀ ਬਣਾਈ ਰੱਖੋ। |


ਈਮੇਲ: BizConnect@gov.ab.ca
©2020 ਅਲਬਰਟਾ ਸਰਕਾਰ | ਛੱਪਿਆ: ਮਈ 2020